WORKSAFE BC
WORKING TO MAKE A DIFFERENCE
worksafebc.com

# WORKSAFE BULLETIN

# ਘਰ ਦੀ ਛੱਤ ਪਾਉਣ ਜਾਂ ਮੁਰੰਮਤ ਕਰਨ ਲਈ ਕਿਸੇ ਨੂੰ ਰਖਣਾ ਚਾਹੁੰਦੇ ਹੋ? ਸਸਤੀ ਬੋਲੀ ਤੁਹਾਡੇ ਮਹਿਸੂਸ ਕਰਨ ਤੋਂ ਜ਼ਿਆਦਾ ਮਹਿੰਗੀ ਪੈ ਸਕਦੀ ਹੈ।

ਨਵੀਂ ਛੱਤ ਪਾਉਣ ਲਈ ਘੱਟੋ ਘੱਟ ਖਰਚਾ ਕਰਨਾਂ ਬੜਾ ਚੰਗਾ ਲਗਦਾ ਹੈ।ਕਿਉਂਕਿ ਵਾਧੂ ਪੈਸਾ ਤੁਸੀਂ ਜ਼ਰੂਰ ਕਿਸੇ ਹੋਰ ਚੀਜ਼ ਲਈ ਵਰਤ ਸਕਦੇ ਹੋ।ਪਰ ਨਵੀਂ ਛੱਤ ਪਾਉਣਾ ਜਾਂ ਪੁਰਾਣੀ ਨੂੰ ਠੀਕ ਕਰਾਉਣਾ ਤੁਹਾਡੇ ਭਵਿੱਖ ਲਈ ਇਕ ਪੂੰਜੀ ਨਿਵੇਸ਼ ਹੈ।

ਪੂੰਜੀ ਨਿਵੇਸ਼ ਵਾਂਗ, ਤੁਹਾਨੂੰ ਆਪਣੇ ਆਪ ਨੂੰ ਕਿਸੇ ਵੀ ਮਾਲੀ ਨੁਕਸਾਨ ਤੋਂ ਹਰ ਸੰਭਵ ਤਰੀਕੇ ਨਾਲ ਬਚਾਉਣਾ ਚਾਹੀਦਾ ਹੈ।ਅਗਰ ਤੁਸੀਂ ਕਿਸੇ ਵਿਅਕਤੀ ਜਾਂ ਫ਼ਰਮ ਨੂੰ ਛੱਤ ਪਾਉਣ ਲਈ ਰਖਦੇ ਹੋ ਤਾਂ ਇਹ ਜਾਂਚ ਕਰ ਲਵੋ ਕਿ ਉਹ ਵਰਕਸੇਫ਼ਬੀਸੀ (ਵਰਕਰ ਕੰਪੈਨਸੇਸ਼ਨ ਬੋਰਡ) ਨਾਲ ਰਜਿਸਟਰ ਹਨ। ਨਹੀਂ ਤਾਂ ਤੁਹਾਡੇ ਅਨੁਮਾਨ ਤੋਂ ਕਿਤੇ ਜ਼ਿਆਦਾ ਖਰਚਾ ਪੈ ਸਕਦਾ ਹੈ।

## ਸਹੀ ਠੇਕੇਦਾਰ ਲੱਭਣਾ

ਇਕ ਢੁਕਵਾਂ ਅਤੇ ਭਰੋਸੇਯੋਗ ਠੇਕੇਦਾਰ ਲੱਭਣਾ ਤੁਹਾਡੇ ਛੱਤ ਦੇ ਸਫਲ ਪ੍ਰੋਜੈਕਟ ਲਈ ਸਭ ਤੋਂ ਪਹਿਲਾ ਕਦਮ ਹੈ।ਇਸ ਲਈ ਚਲਦੇ ਫਿਰਦੇ ਛੱਤ ਬਣਾਉਣ ਵਾਲਿਆਂ ਤੋਂ ਹੁਸ਼ਿਆਰ ਰਹੋ।ਉਹ ਬੇਹੱਦ ਪ੍ਰੇਰਕ ਹੋ ਸਕਦੇ ਹਨ ਅਤੇ ਜ਼ਿਆਦਾਤਰ ਬਜ਼ੁਰਗਾਂ ਜਾਂ ਕਮਜ਼ੋਰ ਮਕਾਨ ਮਾਲਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ।ਕੰਮ ਸ਼ੁਰੂ ਹੋਣ ਤੇ ਘੱਟ ਕੀਮਤਾਂ ਆਮ ਤੌਰ ਤੇ ਵਧ ਜਾਂਦੀਆਂ ਹਨ।ਜ਼ਿਆਦਾ ਹਾਲਾਤਾਂ ਵਿਚ ਘਟੀਆ ਕੰਮ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਕੰਮ ਠੀਕ ਕਰਨ ਲਈ ਇਕ ਹੋਰ ਬਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਿੰਨਾ ਜ਼ਿਆਦਾ ਸਮਾਂ ਤੁਸੀਂ ਹੁਣ ਸੰਭਾਵੀ ਠੇਕੇਦਾਰ ਦੇ ਪਰਮਾਣ ਪੱਤਰ ਅਤੇ ਪਿਛੋਕੜ ਦੀ ਜਾਂਚ ਪੜਤਾਲ ਕਰਨ ਤੇ ਲਾਉਗੇ ਉੱਨਾਂ ਹੀ ਜ਼ਿਆਦਾ ਸੰਭਵ ਹੈ ਕਿ ਤੁਹਾਡਾ ਨਵੀਂ ਛੱਤ ਦਾ ਕੰਮ ਸੌਖਾ ਚੱਲੇਗਾ ਅਤੇ ਠੀਕ ਵੀ ਹੋਵੇਗਾ।ਯਾਦ ਰਖਣਾ ਕਿ ਵਿਅਕਤੀ ਜਾਂ ਫ਼ਰਮ ਜਿਸ ਨੂੰ ਤੁਸੀਂ ਮਜ਼ਦੂਰੀ ਤੇ ਰੱਖਿਆ ਹੈ ਜੇਕਰ ਉਹ ਕਾਨੂੰਨ ਤਹਿਤ ਸ਼ਰਤਾਂ ਪੂਰੀਆਂ ਨਹੀਂ ਕਰਦਾ ਤਾਂ ਸੱਟ ਲੱਗਣ ਕਾਰਨ ਹੋਣ ਵਾਲੇ ਸਾਰੇ ਖ਼ਰਚਿਆਂ ਦੇ ਜ਼ਿੰਮੇਵਾਰ ਤੁਸੀਂ ਹੋ ਸਕਦੇ ਹੋ ਅਤੇ ਦੇਰੀ ਕਾਰਨ ਹੋਰ ਵਾਧੂ ਖਰਚੇ ਪੈ ਸਕਦੇ ਹਨ।

## ਆਪਣੇ ਠੇਕੇਦਾਰ ਆਪ ਹੋਣਾ

ਕਈ ਮਾਲਕ ਮਕਾਨ ਇਹ ਮਹਿਸੂਸ ਨਹੀਂ ਕਰਦੇ ਕਿ ਕਾਨੂੰਨ ਤਹਿਤ ਜਦੋਂ ਉਹ ਕਿਸੇ ਕਾਮੇ ਨੂੰ ਕੁਝ ਸਮੇਂ ਲਈ ਕੰਮ ਕਰਨ ਲਈ ਰਖਦੇ ਹਨ ਤਾਂ ਉਨ੍ਹਾਂ ਨੂੰ ਰਜਿਸਟਰ ਹੋਣ ਅਤੇ ਕਾਮਿਆਂ ਦੇ ਮੁਆਵਜ਼ੇ ਦੀ ਬੀਮਾਂ ਸੁਰੱਖਿਆ ਲਈ ਅਦਾਇਗੀ ਕਰਨੀ ਪੈ ਸਕਦੀ ਹੈ।ਦਲੀਲ ਬੜੀ ਸਾਦੀ ਹੈ: ਅਗਰ ਤੁਸੀਂ ਕਿਸੇ ਨੂੰ ਮਜ਼ਦੂਰੀ ਤੇ ਰਖਿਆ ਹੈ ਅਤੇ ਉਹ ਕੰਮ ਤੇ ਜ਼ਖਮੀ ਹੋ ਜਾਂਦਾ ਹੈ ਤਾਂ ਖਰਚਾ ਬਹੁਤ ਮਹਿੰਗਾ ਪੈ ਸਕਦਾ ਹੈ- ਕਈ ਵਾਰੀ ਛੱਤ ਦੇ ਖਰਚੇ ਨਾਲੋਂ ਵੀ ਜ਼ਿਆਦਾ।ਛੱਤਾਂ ਦੇ ਕੰਮ-ਕਾਰ ਵਿਚ ਸੱਟਾਂ ਲੱਗਣ ਅਤੇ ਮੌਤ ਦਾ ਇਕ ਨੰਬਰ ਕਾਰਨ ਡਿਗਣਾ ਹੈ।

## ਵਰਕਸੇਫ਼ਬੀਸੀ ਨਾਲ ਰਜਿਸਟਰ ਹੋਣਾ

ਕਈ ਠੇਕੇਦਾਰ ਪਹਿਲਾਂ ਹੀ ਵਰਕਸੇਫ਼ਬੀਸੀ ਨਾਲ ਰਜਿਸਟਰ ਹਨ।ਅਗਰ ਤੁਹਾਡਾ ਠੇਕੇਦਾਰ ਵੀ ਐਸਾ ਹੈ ਤਾਂ ਤੁਹਾਨੂੰ ਰਜਿਸਟਰ ਹੋਣ ਦੀ ਲੋੜ ਨਹੀਂ।ਫਿਰ ਭੀ ਤੁਹਾਨੂੰ ਠੇਕੇਦਾਰ ਜਾਂ ਫਰਮ ਦੇ ਰੀਕਾਰਡ ਦੀ ਵਰਕਸੇਫ਼ਬੀਸੀ ਤੋਂ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਹੈ ਤਾਂ ਕਿ ਤੁਸੀਂ ਆਪਣੇ ਘਰ ਦੇ ਪ੍ਰਾਜੈਕਟ ਨਾਲ ਸਬੰਧਿਤ ਕਿਸੇ ਵੀ ਵਰਕਰ ਕੰਪੈਨਸੇਸ਼ਨ ਜਾਂ ਭੁਗਤਾਨ ਨਾ ਕੀਤੇ ਗਏ ਪ੍ਰੀਮੀਅਮ ਦੀ ਦੇਣਦਾਰੀ ਤੋਂ ਸੁਰੱਖਿਅਤ ਰਹੋ।ਇਹ ਕਰਨ ਲਈ ਹੇਠ ਲਿਖੇ ਸੌਖੇ ਕਦਮ ਚੁੱਕੋ:

1. ਫ਼ਰਮ ਤੋਂ ਉਸਦਾ ਵਰਕਸੇਫ਼ਬੀਸੀ ਦਾ ਅਕਾਊਂਟ ਨੰਬਰ ਪੁੱਛੋ।

2. ਵਰਕਸੇਫ਼ਬੀਸੀ ਤੋਂ ਕਲੀਏਰੈਂਸ ਲੈਟਰ (ਅਕਾਊਂਟ ਸਾਫ ਹੋਣ ਦਾ ਪੱਤਰ) ਲਵੋ।ਇਹ ਤੁਸੀਂ ਕੰਪਿਊਟਰ ਤੇ ਇਕ ਮਿੰਟ ਤੋਂ ਵੀ ਪਹਿਲਾਂ ਵਰਕਸੇਫ਼ਬੀਸੀ ਦੀ ਵੈਬਸਾਈਟ WorkSafeBC.com ਤੋਂ ਲੈ ਸਕਦੇ ਹੋ।ਹੋਮ ਪੇਜ ਤੋਂ "obtain clearance letter" ਚੁਣੋ।

3. ਕਲੀਏਰੈਂਸ ਲੈਟਰ (ਅਕਾਊਂਟ ਸਾਫ ਹੋਣ ਦਾ ਪੱਤਰ) ਲੈਣ ਲਈ ਕੰਪਿਊਟਰ ਸਕਰੀਨ ਤੇ ਪਰਾਂਪਟ ਅਨੁਸਾਰ ਚਲੋ ਜੋ ਤੁਹਾਡੇ ਠੇਕੇਦਾਰ ਦੇ ਅਕਾਊਂਟ ਦੀ ਹਾਲਤ ਬਾਰੇ ਦੱਸੇਗਾ ਕਿ ਕੀ ਠੇਕੇਦਾਰ ਅਸਲ ਵਿਚ ਰਜਿਸਟਰਡ ਹੈ ਅਤੇ ਵਰਕਸੇਫ਼ਬੀਸੀ ਨੂੰ ਪ੍ਰੀਮੀਅਮ ਦੇਂਦਾ ਹੈ।

ਨਿਸ਼ਚਿਤ ਤੌਰ ਤੇ ਇਹ ਜਾਂਚ ਘੱਟੋ ਘੱਟ ਦੋ ਵਾਰ ਜ਼ਰੂਰ ਕਰੋ: ਫ਼ਰਮ ਨੂੰ ਰੱਖਣ ਤੋਂ ਪਹਿਲਾਂ ਅਤੇ ਫਿਰ ਪੂਰੀ ਰਕਮ ਫ਼ਰਮ ਨੂੰ ਦੇਣ ਤੋਂ ਪਹਿਲਾਂ।ਜੇਕਰ ਤੁਹਾਡੇ ਕੋਲ ਇੰਟਰਨੈੱਟ ਦਾ ਉਪਾਅ ਨਹੀਂ ਤਾਂ ਸਾਡੇ ਕਲੀਅਰੈਂਸ ਸੈਕਸ਼ਨ ਨੂੰ 604-244-6180 ਜਾਂ ਮੁਫ਼ਤ ਨੰਬਰ 1-888-922-2768 ਤੇ ਸੰਪਰਕ ਕਰੋ।ਸਾਡੇ ਨੁਮਾਇੰਦੇ ਫ਼ੈਕਸ ਜਾਂ ਡਾਕ ਰਾਹੀਂ ਚਿੱਠੀ ਭੇਜਣਗੇ।

## ਜੇ ਤੁਹਾਡਾ ਠੇਕੇਦਾਰ ਰਜਿਸਟਰ ਨਹੀਂ ਹੈ ਤਾਂ ਕੀ ਕਰੋ

ਵਰਕਸੇਫ਼ਬੀਸੀ ਦੇ ਐਮਪਲਾਇਰ ਸਰਵਿਸ ਸੈਂਟਰ ਤੇ 1-888-922-2768 ਜਾਂ 604-244-6181 ਤੇ ਸੰਪਰਕ ਕਰੋ।ਸਾਡੇ ਨੁਮਾਇੰਦੇ ਤੁਹਾਨੂੰ ਇਹ ਜਾਣਨ ਵਿਚ ਮਦਦ ਕਰਨਗੇ ਕਿ ਵਰਕਸੇਫ਼ਬੀਸੀ ਨਾਲ ਤੁਹਾਡੇ ਜਾਂ ਠੇਕੇਦਾਰ ਵਿਚੋਂ ਕਿਸ ਨੂੰ ਰਜਿਸਟਰ ਹੋਣ ਦੀ ਜ਼ਰੂਰਤ ਹੈ।ਤੁਸੀਂ ਵਰਕਸੇਫ਼ਬੀਸੀ ਦੀ ਰਜਿਸਟਰੇਸ਼ਨ ਦੀਆਂ ਸ਼ਰਤਾਂ ਦੀ ਜਾਣਕਾਰੀ WorkSafeBC.com ਤੇ ਵੀ ਲੈ ਸਕਦੇ ਹੋ।